# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
## ਪ੍ਰੈਸ ਨੋਟ

## ਤਹਿਬਜ਼ਾਰੀ ਟੀਮ ਨੇ 5 ਦੁਕਾਨਦਾਰਾਂ ਦੇ ਚਲਾਨ ਕੱਟੇ ਅਤੇ ਸਮਾਨ ਕਬਜ਼ੇ ਵਿੱਚ ਲਿਆ............ਕਾਰਜ ਸਾਧਕ ਅਫਸਰ

ਹੁਸ਼ਿਆਰਪੁਰ 15 ਜੂਨ- ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਦੇ ਦਿਸਾਂ ਨਿਰਦੇਸਾਂ ਅਨੁਸਾਰ ਇੰਸਪੈਕਟਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਤਹਿਬਜ਼ਾਰੀ ਟੀਮ ਨੇ ਅੱਜ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਬੱਸ ਸਟੈਂਡ, ਜਲੰਧਰ ਰੋਡ, ਫਗਵਾੜਾ ਰੋਡ, ਰੋਸ਼ਨ ਰੋਡ, ਗਊਸ਼ਾਲਾ ਬਜ਼ਾਰ, ਅਫਗਾਨ ਰੋਡ, ਖਾਨਪੁਰੀ ਗੇਟ, ਬਹਾਦੁਰਪੁਰ ਚੌਂਕ ਦਾ ਦੌਰਾ ਕੀਤਾ ਅਤੇ ਦੁਕਾਨਦਾਰਾਂ ਵਲੋ ਨਗਰ ਨਿਗਮ ਦੀ ਜਗ੍ਹਾ ਦੇ ਰੱਖੇ ਗਏ ਸਮਾਨ ਨੂੰ ਕਬਜ਼ੇ ਵਿੱਚ ਲਿਆ ਅਤੇ 5 ਦੁਕਾਨਦਾਰਾਂ ਦੇ ਮੌਕੇ ਤੇ ਹੀ ਚਲਾਨ ਕੱਟੇ ਉਨਾਂ ਦੁਕਾਨਦਾਰਾਂ ਨੂੰ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਰੱਖਣ ਦੀ ਹਦਾਇਤ ਕਰਦਿਆਂ ਦੱਸਿਆ ਕਿ ਜਿਹਨਾਂ ਦੁਕਾਨਦਾਰਾਂ ਦਾ ਸਮਾਨ ਨਗਰ ਨਿਗਮ ਦੀ ਜਗ੍ਹਾ ਤੇ ਰੱਖਿਆ ਹੋਵੇਗਾ ਉਹਨਾਂ ਦੇ ਚਲਾਨ ਕੱਟ ਕੇ ਜੁਰਮਾਨੇ ਕੀਤੇ ਜਾਣਗੇ ਇੰਸਪੈਕਟਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਗਈ ਤਹਿਬਜ਼ਾਰੀ ਟੀਮ ਵਿੱਚ ਸੰਨੀ, ਗੋਰਵ ਸ਼ਰਮਾ, ਜਸ਼ਪਾਲ ਸਿੰਘ ਅਤੇ ਪੁਲਿਸ ਵਿਭਾਗ ਦੇ ਕਰਮਚਾਰੀ ਵੀ ਸ਼ਾਮਿਲ ਸਨ।